# ਬਜ਼ੁਰਗ ਲੋਕਾਂ ਨੂੰ ਆਰਥਿਕ ਬਦਸਲੂਕੀ ਤੋਂ ਬਚਾਉਣ ਲਈ ਸਹਾਇਤਾ



## ਬਜ਼ੁਰਗਾਂ ਦੀ ਆਰਥਿਕ ਬਦਸਲੂਕੀ ਕੀ ਹੈ?

ਅਸੀਂ ਜਾਣਦੇ ਹਾਂ ਕਿ 50 ਸਾਲ ਦੀ ਉਮਰ ਤੋਂ ਵੱਧ ਦੇ ਲੋਕ ਆਰਥਿਕ ਬਦਸਲੂਕੀ, ਘੋਟਾਲੇ ਅਤੇ ਧੋਖਾਧੜੀ ਦੇ ਖਤਰੇ ਵਿੱਚ ਹਨ। ਇਸ ਨੂੰ ਬਜ਼ੁਰਗਾਂ ਦੇ ਨਾਲ ਆਰਥਿਕ ਬਦਸਲੂਕੀ ਕਿਹਾ ਜਾਂਦਾ ਹੈ। ਆਰਥਿਕ ਬਦਸਲੂਕੀ ਦੇ ਵਿੱਚ ਕਿਸੇ ਵਿਅਕਤੀ ਦੀ ਦੂਸਰੇ ਵਿਅਕਤੀ, ਜਿਸ ਦੇ ਨਾਲ ਉਨ੍ਹਾਂ ਦਾ ਕੋਈ ਰਿਸ਼ਤਾ ਹੈ, ਦੁਆਰਾ ਪੂੰਜੀ ਜਾਂ ਜਾਇਦਾਦ ਦੀ ਗੈਰ-ਕਾਨੂੰਨੀ ਜਾਂ ਗਲਤ ਤਰੀਕੇ ਨਾਲ ਵਰਤੋਂ ਕਰਨੀ ਹੈ। ਇਸ ਤਰ੍ਹਾਂ ਦੀ ਬਦਸਲੂਕੀ ਕਈ ਰੂਪਾਂ ਵਿੱਚ ਹੋ ਸਕਦੀ ਹੈ ਅਤੇ ਕਿਸੇ ਨਾਲ ਵੀ ਹੋ ਸਕਦੀ ਹੈ, ਜਿੰਨ੍ਹੀ ਕਿ ਤੁਸੀਂ ਸੋਚ ਸਕਦੇ ਹੋ ਅਕਸਰ ਇਹ ਕਿਧਰੇ ਉਸ ਤੋਂ ਘੱਟ ਉਮਰ ਵਿੱਚ ਹੀ ਸ਼ੁਰੂ ਹੋ ਜਾਂਦੀ ਹੈ।

## ਬਜ਼ੁਰਗਾਂ ਦੀ ਆਰਥਿਕ ਬਦਸਲੂਕੀ ਦੇ ਆਮ ਰੂਪ

ਬਜ਼ੁਰਗਾਂ ਦੇ ਨਾਲ ਆਰਥਿਕ ਬਦਸਲੂਕੀ ਕਈ ਰੂਪ ਲੈ ਸਕਦੀ ਹੈ ਅਤੇ ਇਸ ਵਿੱਚ ਵਾਰ ਵਾਰ ਜਾਂ ਇਕ ਵਾਰ ਦੀਆਂ ਕਾਰਵਾਈਆਂ, ਧਮਕੀਆਂ ਜਾਂ ਇੱਥੋਂ ਤੱਕ ਕਿ ਕਾਰਵਾਈ ਦੀ ਘਾਟ ਵੀ ਸ਼ਾਮਲ ਹੋ ਸਕਦੀ ਹੈ। ਇੱਥੇ ਬਦਸਲੂਕੀ ਦੀਆਂ ਕੁਝ ਆਮ ਪ੍ਰਚੱਲਿਤ ਕਿਸਮਾਂ ਹਨ:

### ਮੁਖਤਾਰਨਾਮੇ ਦਾ ਗ਼ਲਤ ਪ੍ਰਯੋਗ

ਇਹ ਉਦੋਂ ਹੋ ਸਕਦਾ ਹੈ ਜਦੋਂ ਅਧਿਕਾਰਤ ਵਿਅਕਤੀ (ਤੁਹਾਡਾ ਮੁਖਤਿਆਰ) ਤੁਹਾਡੇ ਪੈਸਿਆਂ ਜਾਂ ਜਾਇਦਾਦ ਨੂੰ ਆਪਣੇ ਆਪ ਲਈ ਵਰਤਦਾ ਹੈ।

### ਦਬਾਅ, ਧਮਕੀਆਂ ਅਤੇ ਧੌਂਸ

ਇਹ ਉਦੋਂ ਹੁੰਦਾ ਹੈ ਜਦੋਂ ਕੋਈ ਤੁਹਾਡੀ ਜਾਇਦਾਦ ਨੂੰ ਦਸਤਖਤ ਕਰਵਾ ਕੇ ਤੁਹਾਡੇ ਕੋਲੋਂ ਲੈ ਲੈਣ ਦੀ ਜਾਂ ਤੁਹਾਡੀ ਵਸੀਹਤ ਵਿੱਚ ਆਪਣਾ ਨਾਮ ਪੁਆਉਣ ਦੀ ਜ਼ਬਰਦਸਤੀ ਕੋਸ਼ਿਸ਼ ਕਰਦਾ ਹੈ।

### ਘੋਟਾਲੇ ਅਤੇ ਧੋਖਾਧੜੀਆਂ

ਇਹ ਉਦੋਂ ਵਾਪਰਦੀਆਂ ਹਨ ਜਦੋਂ ਕੋਈ ਤੁਹਾਡੇ ਪੈਸੇ ਚੋਰੀ ਕਰਨ ਲਈ ਜਾਣ ਬੁੱਝ ਕੇ ਤੁਹਾਡਾ ਵਿਸ਼ਵਾਸ਼ ਜਿੱਤਦਾ ਹੈ।

### ਪਰਿਵਾਰ ਦੇ ਇਕਰਾਰਨਾਮਿਆਂ ਦਾ ਦੁਰਪ੍ਰਯੋਗ

ਇਹ ਉਦੋਂ ਹੁੰਦਾ ਹੈ ਜਦੋਂ ਕੋਈ ਗੈਰ-ਰਸਮੀ ਇਕਰਾਰਨਾਮੇ ਜੋ ਤੁਸੀਂ ਪਰਿਵਾਰ ਨਾਲ ਪੈਸਿਆਂ ਜਾਂ ਜਾਇਦਾਦ ਬਾਰੇ ਕੀਤੇ ਹਨ ਨੂੰ ਤੋੜਿਆ ਜਾਂਦਾ ਹੈ ਜਾਂ ਉਨ੍ਹਾਂ ਦਾ ਫਾਇਦਾ ਚੁੱਕਿਆ ਜਾਂਦਾ ਹੈ।

### ਪੂੰਜੀ ਦੀ ਗਲਤ ਵਰਤੋਂ

ਇਹ ਉਦੋਂ ਹੁੰਦਾ ਹੈ ਜਦੋਂ ਕੋਈ ਜਿਸ ਨੂੰ ਤੁਸੀਂ ਆਪਣੀ ਪੂੰਜੀ ਨੂੰ ਵਰਤਣ ਦੀ ਆਗਿਆ ਦਿੱਤੀ ਹੋਈ ਹੈ ਪਰ ਉਹ ਇਸ ਨੂੰ ਹੋਈ ਸਹਿਮਤੀ ਨਾਲੋਂ ਵੱਖਰੇ ਤਰੀਕੇ ਨਾਲ ਵਰਤਦਾ ਹੈ।

### ਜਜ਼ਬਾਤੀ ਧਮਕੀ

ਇਹ ਉਦੋਂ ਹੁੰਦਾ ਹੈ ਜਦੋਂ ਕੋਈ ਆਰਥਿਕ ਫਾਇਦਾ ਲੈਣ ਵਾਸਤੇ ਧਮਕੀਆਂ ਦਿੰਦਾ ਹੈ – ਜਿਵੇਂ ਕਿ ਪੋਤੇ ਪੋਤਰੀਆਂ ਜਾਂ ਦੋਹਤੇ ਦੋਹਤਰੀਆਂ ਨੂੰ ਨਾ ਮਿਲਣ ਦੇਣਾ ਜਦ ਤੱਕ ਕਿ ਕਰਜ਼ਾ ਨਹੀਂ ਦਿੱਤਾ ਜਾਂਦਾ ਹੈ।

### ਵਿਰਾਸਤੀ ਬੇਸਬਰੀ

ਇਹ ਉਦੋਂ ਹੁੰਦੀ ਹੈ ਜਦੋਂ ਬਾਲਗ, ਅਕਸਰ ਪਰਿਵਾਰ ਦੇ ਜੀਅ, ਤੁਹਾਡੇ ਪੈਸਿਆਂ ਜਾਂ ਜਾਇਦਾਦ ਉਪਰ ਆਪਣਾ ਹੱਕ ਸਮਝਣ ਲੱਗਦੇ ਹਨ ਅਤੇ ਇਸ ਦੇ ਕਾਰਣ ਉਹ ਇਹਨਾਂ ਨੂੰ ਤੁਹਾਡੇ ਕੋਲੋਂ ਲੈ ਲੈਣ ਦੀ ਕੋਸ਼ਿਸ਼ ਕਰਦੇ ਹਨ।

### ਜ਼ਾਮਨੀ ਦੇਣੀ ਪੁੱਠੀ ਪੈ ਜਾਣੀ

ਕਈ ਵਾਰੀ, ਬਿਨਾਂ ਕਿਸੀ ਬੁਰੀ ਮਨਸ਼ਾ ਦੇ, ਕਰਜ਼ੇ ਦੀ ਜ਼ਾਮਨੀ ਦੇਣੀ ਪੁੱਠੀ ਪੈ ਜਾਂਦੀ ਹੈ ਅਤੇ ਨਤੀਜੇ ਵਜੋਂ ਤੁਹਾਨੂੰ ਆਪਣਾ ਘਰ ਜਾਂ ਦੂਸਰੀਆਂ ਜਾਇਦਾਦਾਂ ਤੋਂ ਹੱਥ ਧੋਣਾ ਪੈਂਦਾ ਹੈ।

### ਵਾਇਦਾ ਕੀਤੀ ਹੋਈ ਸੰਭਾਲ ਵਿੱਚ ਨਾਕਾਮੀ

ਇਹ ਉਦੋਂ ਹੁੰਦਾ ਹੈ ਜਦੋਂ ਪਰਿਵਾਰ ਦੇ ਜੀਅ ਨਾਲ ਤੁਹਾਡੀ ਸੰਭਾਲ ਵਾਸਤੇ ਕੀਤਾ ਪ੍ਰਬੰਧ ਟੁੱਟ ਜਾਂਦਾ ਹੈ।

Commonwealth Bank of Australia ABN 48 123 123 124 AFSL and Australian credit licence 234945.
Punjabi

## ਖਤਰੇ ਵਿੱਚ ਕੌਣ ਹੈ?

ਭਾਂਵੇਂ ਕਿ ਬਜ਼ੁਰਗਾਂ ਦੀ ਆਰਥਿਕ ਬਦਸਲੂਕੀ ਕਿਸੇ ਨਾਲ ਵੀ ਹੋ ਸਕਦੀ ਹੈ, ਕੁਝ ਖਾਸ ਸਮੂਹ ਹਨ ਜੋ ਕਿ ਜ਼ਿਆਦਾ ਖਤਰੇ ਵਿੱਚ ਹਨ। ਇਹਨਾਂ ਵਿੱਚ ਸ਼ਾਮਲ ਹਨ:

- ਇਕੱਲੇ ਜਾਂ ਅਲੱਗ-ਥਲੱਗ ਰਹਿਣ ਵਾਲੇ ਲੋਕ
- ਸਰੀਰਕ ਜਾਂ ਦਿਮਾਗੀ ਵਿਕਲਾਂਗਤਾ ਵਾਲੇ ਲੋਕ
- ਭਾਸ਼ਾ ਦੀਆਂ ਬੰਦਸ਼ਾਂ ਜਾਂ ਸਭਿਆਚਾਰਕ ਰੁਕਾਵਟਾਂ ਕਰਕੇ ਪੂੰਜੀ ਦੀ ਸੀਮਤ ਸਮਝ ਵਾਲੇ ਲੋਕ
- LQBTIQ+ ਭਾਈਚਾਰੇ ਦੇ ਲੋਕ
- ਆਪਣੀ ਸੰਭਾਲ ਵਾਸਤੇ ਦੂਸਰਿਆਂ ਉਪਰ ਨਿਰਭਰ ਰਹਿਣ ਵਾਲੇ ਲੋਕ
- ਲੋਕ ਜਿੰਨ੍ਹਾਂ ਨੇ ਪਿਛਲੇ ਸਮੇਂ ਦੌਰਾਨ ਕਿਸੇ ਹੋਰ ਕਿਸਮ ਦੀ ਬਦਸਲੂਕੀ ਸਹੀ ਹੋਵੇ।

## ਆਰਥਿਕ ਬਦਸਲੂਕੀ ਦੀ ਪਛਾਣ ਕਰਨਾ

ਇਸ ਦੇ ਪ੍ਰਚੱਲਨ ਦੇ ਬਾਵਜੂਦ, ਬਜ਼ੁਰਗਾਂ ਦੀ ਆਰਥਿਕ ਬਦਸਲੂਕੀ ਦੀ ਪਛਾਣ ਅਤੇ ਸਿਆਣ ਕਰਨੀ ਔਖੀ ਹੋ ਸਕਦੀ ਹੈ ਕਿਉਂਕਿ ਇਹ ਅਕਸਰ ਲੁਕੀ ਹੋਈ ਹੁੰਦੀ ਹੈ ਜਾਂ ਛੋਟੀ ਕਰ ਕੇ ਦੱਸੀ ਜਾਂਦੀ ਹੈ।

ਇਹਨਾਂ ਕਾਰਣਾਂ ਕਰਕੇ, ਲੋਕਾਂ ਦਾ ਆਰਥਿਕ ਬਦਸਲੂਕੀ ਬਾਰੇ ਗੱਲ ਕਰਦੇ ਸਮੇਂ ਸ਼ਰਮਿੰਦਾ, ਅਪਵਾਦੀ ਅਤੇ ਗਲਬੇ ਅਧੀਨ ਮਹਿਸੂਸ ਕਰਨਾ ਆਮ ਗੱਲ ਹੈ। ਆਰਥਿਕ ਬਦਸਲੂਕੀ ਸਹਿ ਰਹੇ ਲੋਕਾਂ ਲਈ ਇਸ ਦੀ ਪਛਾਣ ਕਰਨਾ ਅਤੇ ਆਪਣੇ ਆਪ ਅਤੇ ਦੂਸਰਿਆਂ ਲਈ ਇਸ ਨੂੰ ਕਾਬੂ ਵਿੱਚ ਕਰਨਾ ਅਤੇ/ਜਾਂ ਸਵੀਕਾਰ ਕਰਨਾ ਅਕਸਰ ਮੁਸ਼ਕਿਲ ਹੁੰਦਾ ਹੈ।

## ਚੇਤਾਵਨੀ ਦੇ ਧਿਆਨ ਵਿੱਚ ਰੱਖਣ ਵਾਲੇ ਚਿ ਚਿੰਨ੍ਹ:

1. ਕਈ ਵਾਰੀ ਕਢਵਾਇਆ ਗਿਆ ਨਗਦ ਜੋ ਕਿ ਸਮਝ ਨਹੀਂ ਆਉਂਦਾ ਹੈ
2. ਭਾਸ਼ਾ ਦੀਆਂ ਰੁਕਾਵਟਾਂ ਤੁਹਾਡੇ ਲਈ ਸਮਝਣ ਵਿੱਚ ਔਖਿਆਈ ਪੈਦਾ ਕਰਦੀਆਂ ਹਨ
3. ਤੁਹਾਡੇ ਬੈਂਕ ਤੋਂ ਆਏ ਵੇਰਵੇ ਗੁੰਮ ਹਨ ਜਾਂ ਪੇਚੀਦਾ ਹਨ
4. ਤੁਹਾਨੂੰ ਕਿਸੇ ਵੱਲੋਂ ਡਰਾਇਆ ਜਾਂ ਕਾਬੂ ਵਿੱਚ ਕੀਤਾ ਗਿਆ ਮਹਿਸੂਸ ਹੋ ਰਿਹਾ ਹੈ ਅਤੇ ਤੁਹਾਨੂੰ ਲੱਗਦਾ ਹੈ ਕਿ ਜੋ ਵੀ ਕੋਈ ਕਹੇ ਤੁਹਾਨੂੰ ਜ਼ਰੂਰ ਕਰਨਾ ਪੈਣਾ ਹੈ
5. ਕੋਈ ਵੀ ਜਿਸ ਕੋਲ ਤੁਹਾਡੀ ਪੂੰਜੀ ਦਾ ਅਧਿਕਾਰ ਨਹੀਂ ਹੈ, ਬੈਂਕ ਵਿੱਚੋਂ ਪੈਸੇ ਕਢਵਾਉਣ ਲਈ ਤੁਹਾਡੇ ਨਾਲ ਜਾਂਦਾ ਹੈ
6. ਤੁਹਾਡੀ ਥਾਂਵੇਂ ਕੋਈ ਹੋਰ ਬੈਂਕ ਦੇ ਫਾਰਮਾਂ ਨੂੰ ਭਰਦਾ ਹੈ।

## ਬਜ਼ੁਰਗਾਂ ਦੀ ਬਦਸਲੂਕੀ ਵਾਲੀ ਫੋਨ ਲਾਈਨ

ਜੇਕਰ ਤੁਹਾਡੀਆਂ ਕੋਈ ਚਿੰਤਾਵਾਂ ਹਨ ਕਿਰਪਾ ਕਰਕੇ 1800 ELDERHelp (1800 353 374) ਉਪਰ ਫੋਨ ਕਰੋ।

ਇਹ ਮੁਫਤ ਕਾਲ ਕਰਨ ਵਾਲ ਫੋਨ ਨੰਬਰ ਹੈ ਜੋ ਬਜ਼ੁਰਗਾਂ ਦੇ ਨਾਲ ਬਦਸਲੂਕੀ ਵਾਸਤੇ ਜਾਣਕਾਰੀ ਅਤੇ ਸਲਾਹ ਦਿੰਦਾ ਹੈ। ਤੁਹਾਨੂੰ ਆਪਣੇ ਆਪ ਤੁਹਾਡੇ ਖੇਤਰ ਦੀ ਮੌਜੂਦਾ ਫੋਨ ਲਾਈਨ ਸੇਵਾ ਵੱਲ ਭੇਜ ਦਿੱਤਾ ਜਾਵੇਗਾ। ਫੋਨ ਲਾਈਨ ਸੂਬਿਆਂ ਅਤੇ ਕੇਂਦਰੀ ਸ਼ਾਸ਼ਤ ਪ੍ਰਦੇਸ਼ਾਂ ਦੀਆਂ ਸਰਕਾਰਾਂ ਨਾਲ ਰਲ ਕੇ ਸਥਾਪਿਤ ਕੀਤੀ ਗਈ ਹੈ।

ਬਜ਼ੁਰਗਾਂ ਦੀ ਬਦਸਲੂਕੀ ਦੀਆਂ ਫੋਨ ਲਾਈਨਾਂ ਸੰਕਟ ਵੇਲੇ ਦੀਆਂ ਸਹਾਇਤਾ ਸੇਵਾਵਾਂ ਨਹੀਂ ਹਨ, ਅਤੇ ਕੰਮ ਕਰਨ ਦੇ ਘੰਟਿਆਂ ਅਤੇ ਸੇਵਾਵਾਂ ਵਿੱਚ ਜਗ੍ਹਾ ਦੇ ਅਨੁਸਾਰ ਫਰਕ ਹੋ ਸਕਦਾ ਹੈ।

ਜੇਕਰ ਤੁਹਾਨੂੰ ਆਪਣੀ ਪੂੰਜੀ ਬਾਰੇ ਕੋਈ ਚਿੰਤਾ ਹੈ ਕਿਰਪਾ ਕਰਕੇ ਆਪਣੀ ਬੈਂਕ ਨੂੰ ਦੱਸ ਦਿਓ। ਜੇ ਤੁਸੀਂ ਚਾਹੁੰਦੇ ਹੋ, ਤੁਹਾਡਾ ਸਥਾਨਿਕ ਮੈਨੇਜਰ ਤੁਹਾਡੇ ਨਾਲ ਗੁਪਤ ਤਰੀਕੇ ਨਾਲ ਗੱਲਬਾਤ ਕਰ ਸਕਦਾ ਹੈ।

ਬਜ਼ੁਰਗਾਂ ਦੀ ਆਰਥਿਕ ਬਦਸਲੂਕੀ, ਘੋਟਾਲੇ ਅਤੇ ਧੋਖਾਧੜੀ ਦੇ ਬਾਰੇ ਜ਼ਿਆਦਾ ਜਾਣਕਾਰੀ ਲਈ ਤੁਸੀਂ ਕੌਮਬੈਂਕ (CommBank) ਦੀ ਵੈਬਸਾਈਟ ਤੋਂ ਸੇਫ ਅਤੇ ਸੇਵੀ (Safe and Savvy) ਗਾਈਡ ਡਾਊਨਲੋਡ ਕਰ ਸਕਦੇ ਹੋ।

**ਟਿੱਪਣੀ:** ਇਹ ਦਸਤਾਵੇਜ਼ ਦੂਸਰੀਆਂ ਭਾਸ਼ਾਵਾਂ ਵਿੱਚ ਉਪਲਬਧ ਹੈ।